# ਬੇਸਿਲ ਕਾਮੈਟ-ਗਯੁਰਿਨ (ਬੀ ਸੀ ਜੀ) ਵੈਕਸੀਨੇਸ਼ਨ

**ਬੀ ਸੀ ਜੀ ਕੀ ਹੈ ?**

ਇਸ ਵੇਲੇ ਬੀ ਸੀ ਜੀ ਹੀ ਟੀ ਬੀ ਲਈ ਉਪਲਬਧ ਵੈਕਸੀਨੇਸ਼ਨ ਹੈ, ਪਰ ਇਹ ਟੀ ਬੀ ਦੇ ਵਿਰੁੱਧ ਸਥਾਈ ਜਾਂ ਪੂਰੀ ਸੁਰੱਖਿਆ ਪ੍ਰਦਾਨ ਨਹੀਂ ਕਰਦੀ। ਇਹ ਦੁਨੀਆਂ ਦੇ ਉਨ੍ਹਾਂ ਹਿੱਸਿਆਂ ਵਿੱਚ ਵਰਤੀ ਜਾਂਦੀ ਹੈ ਜਿਥੇ ਟੀ ਬੀ ਆਮ ਹੈ ਅਤੇ ਛੂਤਕਾਰੀ ਟੀ ਬੀ ਦਾ ਸਾਮ੍ਹਣਾ ਕਰਨ ਦਾ ਸੰਜੋਗ ਜਿਆਦਾ ਹੈ। ਬੀ ਸੀ ਜੀ ਬਾਲਕਾਂ ਅਤੇ ਛੋਟੇ ਬੱਚਿਆਂ ਵਿੱਚ ਟੀ ਬੀ ਰੋਗ ਦੀ ਤੀਬਰਤਾ ਨੂੰ ਘੱਟਾਉਣ ਵਿੱਚ ਮਦਦ ਕਰਦੀ ਹੈ।

**ਬੀ ਸੀ ਜੀ ਕਿਸ ਨੂੰ ਦਿੱਤੀ ਜਾਂਦੀ ਹੈ ?**

ਟੀ ਬੀ ਦੀਆਂ ਉੱਚੀਆਂ ਦਰਾਂ ਵਾਲੇ ਦੇਸ਼ਾਂ ਵਿੱਚ ਬੀ ਸੀ ਜੀ ਟੀ ਬੀ ਰੋਗ ਦੀਆਂ ਗੰਭੀਰ ਕਿਸਮਾਂ,ਜਿਵੇਂ ਕਿ ਟੀ ਬੀ ਮੇਨੇਨਜਾਇਟਸ ਜਾਂ ਮਿਲੀਟਰੀ ਟੀ ਬੀ,ਜੋ ਅਕਸਰ ਮੌਤ ਦਾ ਕਾਰਣ ਬਣਦੀਆਂ ਹਨ, ਦੀ ਰੋਕਥਾਮ ਵਾਸਤੇ ਬਾਲਕਾਂ ਅਤੇ ਛੋਟੇ ਬੱਚਿਆਂ ਨੂੰ ਦਿੱਤੀ ਜਾਂਦੀ ਹੈ। ਕੁਝ ਦੇਸ਼ਾ ਵਿੱਚ, ਬੀ ਸੀ ਜੀ ਟੀ ਬੀ ਦੇ ਵਿਰੁੱਧ ਕੁਝ ਸੁਰੱਖਿਆ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਨ ਵਾਸਤੇ, ਬਚਪਨ ਅਤੇ ਅਰੰਭਕ ਬਾਲਗ ਜੀਵਨ ਦੌਰਾਨ ਕਈ ਵਾਰੀ ਦਿੱਤੀ ਜਾਂਦੀ ਹੈ।

ਕੈਨੇਡਾ ਵਿੱਚ, ਬੀ ਸੀ ਜੀ ਕਦੇ- ਕਦੇ ਹੀ ਦਿੱਤੀ ਜਾਂਦੀ ਹੈ ਕਿਉਂਕਿ ਟੀ ਬੀ ਵਿਆਪਕ ਨਹੀਂ ਹੈ ਅਤੇ ਬਹੁਤ ਘੱਟ ਚਾਂਸ ਹਨ ਕਿ ਬਾਲਕ ਅਤੇ ਛੋਟੇ ਬੱਚੇ ਇਸ ਦਾ ਸਾਮ੍ਹਣਾ ਕਰਨਗੇ। ਇਸ ਤੋਂ ਅਪਵਾਦ ਹੈ ਫਸਟ ਨੇਸ਼ਨਜ ਜਾਂ ਇਨੂਏਟ ਸਮਾਜਾਂ ਵਿੱਚਲੇ ਬਾਲਕ ਜਿੰਨ੍ਹਾਂ ਵਿੱਚ ਟੀ ਬੀ ਦੀਆਂ ਦਰਾਂ ਉੱਚੀਆਂ ਹਨ। ਕੈਨੇਡਾ ਵਿੱਚ ਬੀ ਸੀ ਜੀ ਦੇ ਨਾ ਵਰਤੇ ਜਾਣ ਦਾ ਇੱਕ ਹੋਰ ਕਾਰਨ ਇਹ ਹੈ ਕਿ ਉਸ ਕਰਕੇ ਟੀ ਬੀ ਦਾ ਸਕਿੰਨ ਟੈਸਟ ਪੌਜੀਟਿਵ ਹੋ ਸਕਦਾ ਹੈ। ਇਹ ਟੀ ਬੀ ਟੈਸਟਾਂ ਦੀਆਂ ਪ੍ਰਤੀਕਿਰਿਆਵਾਂ ਦੇ ਅਰਥ ਕੱਢਣ ਨੂੰ ਮੁਸ਼ਕਲ ਬਣਾ ਦਿੰਦਾ ਹੈ ਕਿਉਂਕਿ ਇਹ ਸਾਫ ਨਹੀਂ ਹੁੰਦਾ ਕਿ ਪੌਜੀਟਿਵ ਸਕਿੰਨ ਟੈਸਟ ਟੀ ਬੀ ਦੇ ਵਿਗਾੜ ਕਰਕੇ ਹੈ ਜਾਂ ਬੀ ਸੀ ਜੀ ਨਾਲ ਵੈਕਸੀਨੇਸ਼ਨ ਕਰਕੇ।

**ਕੀ ਬੀ ਸੀ ਜੀ ਕੰਮ ਕਰਦੀ ਹੈ ?**

ਬੀ ਸੀ ਜੀ ਟੀ ਬੀ ਦੀਆਂ ਗੰਭੀਰ ਕਿਸਮਾਂ ਦੀ ਰੋਕਥਾਮ ਵਿੱਚ ਪ੍ਰਭਾਵਸ਼ਾਲੀ ਹੈ। ਬਦਨਸੀਬੀ ਨਾਲ, ਬੀ ਸੀ ਜੀ ਦੁਆਰਾ ਬਾਲਕਾਂ ਅਤੇ ਛੋਟੇ ਬੱਚਿਆਂ ਨੂੰ ਦਿੱਤੀ ਗਈ ਸੁਰੱਖਿਆ ਬਾਲਗ ਜੀਵਨ ਤੱਕ ਨਹੀਂ ਪਹੁੰਚਦੀ। ਇਸ ਕਰਕੇ,ਬਹੁਤ ਸਾਰੇ ਲੋਕਾਂ ਵਿੱਚ ਮੁਢਲੇ ਸਾਲਾਂ ਵਿੱਚ ਬੀ ਸੀ ਜੀ ਪ੍ਰਾਪਤ ਕਰਨ ਦੇ ਬਾਵਜੂਦ ਕਿਰੀਆਸ਼ੀਲ ਟੀ ਬੀ ਵਿਕਸਤ ਹੋ ਜਾਂਦੀ ਹੈ।

ਹਾਲਾਂਕਿ ਬੀ ਸੀ ਜੀ ਦੁਨੀਆਂ ਵਿੱਚ ਲੰਮੇ ਸਮੇਂ ਤੋਂ ਵਰਤੀ ਜਾ ਰਹੀ ਹੈ, ਦੁਨੀਆਂ ਦੀ ਇੱਕ ਤਿਹਾਈ ਅਬਾਦੀ ਨੂੰ ਟੀ ਬੀ ਦਾ ਵਿਗਾੜ ਹੈ ਅਤੇ ਦੋ ਮਿਲੀਅਨ ਲੋਕ ਹਰ ਸਾਲ ਇਸ ਬਿਮਾਰੀ ਕਰਕੇ ਮਰਦੇ ਹਨ। ਬੀ ਸੀ ਜੀ ਦੀ ਵਰਤੋਂ ਕਰਨ ਵਾਲੇ ਦੇਸ਼ਾਂ ਵਿੱਚ ਟੀ ਬੀ ਦੀ ਦਰ ਵਿੱਚ ਕੋਈ ਪਰਿਵਰਤਨ ਨਹੀਂ ਆਇਆ ਹੈ। ਇਕੱਲੀ ਬੀ ਸੀ ਜੀ ਟੀ ਬੀ ਨੂੰ ਫੈਲਣ ਤੋਂ ਰੋਕਣ ਲਈ ਕਾਫੀ ਨਹੀਂ ਹੈ।

**ਕੀ ਬੀ ਸੀ ਜੀ ਕਰਕੇ ਟੀ ਬੀ ਦਾ ਸਕਿੰਨ ਟੈਸਟ ਪੌਜੀਟਿਵ ਹੋ ਸਕਦਾ ਹੈ ?**

ਬੀ ਸੀ ਜੀ ਕਰਕੇ ਟੀ ਬੀ ਦਾ ਸਕਿੰਨ ਟੈਸਟ ਪੌਜੀਟਿਵ ਹੋ ਸਕਦਾ ਹੈ। ਪਰ ਜਿਸ ਤਰ੍ਹਾਂ ਸਮਾਂ ਬੀਤਦਾ ਜਾਂਦਾ ਹੈ, ਬੀ ਸੀ ਜੀ ਲਗਾਏ ਜਾਣ ਵਾਲੇ ਸਾਰੇ ਲੋਕਾਂ ਵਿੱਚ ਸਕਿੰਨ ਟੈਸਟ ਪੌਜੀਟਿਵ ਹੋਣਾ ਜਾਰੀ ਨਹੀਂ ਰਹੇਗਾ। ਜੇ ਤੁਹਾਡਾ ਸਕਿੰਨ ਟੈਸਟ ਪੌਜੀਟਿਵ ਹੈ ਅਤੇ ਤੁਸੀਂ ਦੁਨੀਆਂ ਦੇ ਅਜਿਹੇ ਹਿੱਸੇ ਤੋਂ ਹੋ ਜਿਥੇ ਟੀ ਬੀ ਆਮ ਹੈ, ਜਿਆਦਾ ਸੰਭਾਵਨਾ ਇਹ ਹੈ ਕਿ ਪੌਜੀਟਿਵ ਸਕਿੰਨ ਟੈਸਟ ਟੀ ਬੀ ਦੇ ਵਿਗਾੜ ਕਰਕੇ ਹੈ ਅਤੇ ਬੀ ਸੀ ਜੀ ਵੈਕਸੀਨ ਕਰਕੇ ਨਹੀਂ।